Transport for NSW

# ਸੜਕ ਸੁਰੱਖਿਆ

## ਸਕੂਲ ਆਉਣ-ਜਾਣ ਸਮੇਂ ਸੁਰੱਖਿਅਤ ਤਰੀਕੇ ਨਾਲ ਇਕੱਠੇ ਚੱਲਣਾ

ਸਕੂਲ ਆਉਣ-ਜਾਣ ਸਮੇਂ ਆਪਣੇ ਬੱਚੇ ਨਾਲ ਚੱਲਣਾ ਸਮਾਂ ਬਿਤਾਉਣ ਅਤੇ ਸੁਰੱਖਿਅਤ ਅਤੇ ਸਿਹਤਮੰਦ ਆਦਤਾਂ ਉਤਸ਼ਾਹਿਤ ਕਰਨ ਦਾ ਇੱਕ ਵਧੀਆ ਤਰੀਕਾ ਹੈ।

ਇਹ ਕੁੱਝ ਸੁਝਾਅ ਹਨ ਜੋ ਤੁਹਾਡੇ ਬੱਚੇ ਨੂੰ ਇੱਕ ਪੈਦਲ ਯਾਤਰੀ ਵਜੋਂ ਸੁਰੱਖਿਅਤ ਰੱਖਣ ਵਿੱਚ ਮੱਦਦ ਕਰ ਸਕਦੇ ਹਨ:

- ਸੜਕ ਦੇ ਮਾਹੌਲ ਵਿੱਚ ਸੁਚੇਤ ਰਹਿਣ ਬਾਰੇ ਆਪਣੇ ਬੱਚੇ ਨਾਲ ਯੋਜਨਾ ਬਣਾਓ, ਅਭਿਆਸ ਕਰੋ ਅਤੇ ਗੱਲ ਕਰੋ।
- ਜਦ ਤੱਕ ਤੁਹਾਡਾ ਬੱਚਾ ਘੱਟੋ-ਘੱਟ 8 ਸਾਲ ਦਾ ਨਹੀਂ ਹੁੰਦਾ, ਹਮੇਸ਼ਾ ਉਸ ਦਾ ਹੱਥ ਫੜ੍ਹੋ, ਕਿਉਂਕਿ ਉਨ੍ਹਾਂ ਦਾ ਧਿਆਨ ਆਸਾਨੀ ਨਾਲ ਭਟਕ ਸਕਦਾ ਹੈ। ਬੱਚਿਆਂ ਨੂੰ ਖ਼ਤਰੇ ਪਛਾਣਨ ਵਿੱਚ ਤੁਹਾਡੀ ਮੱਦਦ ਦੀ ਲੋੜ ਹੁੰਦੀ ਹੈ।
- ਫਿਰ, ਘੱਟੋ-ਘੱਟ 10 ਸਾਲ ਦੀ ਉਮਰ ਤੱਕ ਆਪਣੇ ਬੱਚੇ ਦੀ ਬਹੁਤ ਕਰੀਬ ਤੋਂ ਨਿਗਰਾਨੀ ਕਰੋ ਅਤੇ ਸੜਕ ਪਾਰ ਕਰਦੇ ਸਮੇਂ ਉਸ ਦਾ ਹੱਥ ਫੜ੍ਹੋ।
- ਜਿੱਥੇ ਵੀ ਸੰਭਵ ਹੋਵੇ, ਹਮੇਸ਼ਾ ਪੈਦਲ ਚਾਲਕਾਂ ਲਈ ਬਣੇ ਸੜਕ ਪਾਰ ਕਰਨ ਵਾਲੇ ਸਥਾਨਾਂ ਦੀ ਵਰਤੋਂ ਕਰੋ।
- ਆਪਣੇ ਬੱਚੇ ਨੂੰ ਸਕੂਲ ਦੇ ਗੇਟ ਨੇੜੇ ਮਿਲੋ। ਕਦੇ ਵੀ ਉਨ੍ਹਾਂ ਨੂੰ ਸੜਕ ਦੇ ਪਾਰ ਤੋਂ ਨਾ ਬੁਲਾਓ।
- ਉਹਨਾਂ ਨੂੰ ਸਮਝਾਓ ਕਿ ਤੁਸੀਂ ਜਿਨ੍ਹਾਂ ਸਥਾਨਾਂ ਨੂੰ ਸੜਕ ਪਾਰ ਕਰਨ ਲਈ ਚੁਣਿਆ ਹੈ ਉਹ ਸਭ ਤੋਂ ਸੁਰੱਖਿਅਤ ਕਿਉਂ ਹਨ। ਉਹਨਾਂ ਨਾਲ ਇਸ ਬਾਰੇ ਗੱਲ ਕਰੋ ਕਿ ਉਹਨਾਂ ਨੂੰ ਡਰਾਈਵ-ਵੇਅ, ਸੜਕ ਜਾਂ ਕਾਰ ਪਾਰਕ ਪਾਰ ਕਰਨ ਤੋਂ ਪਹਿਲਾਂ ਕਿਉਂ **ਰੁਕਣਾ, ਦੇਖਣਾ, ਸੁਣਨਾ, ਸੋਚਣਾ** ਚਾਹੀਦਾ ਹੈ।

**ਬੱਚੇ ਤੁਹਾਡੇ ਤੋਂ ਸੜਕ 'ਤੇ ਸੁਰੱਖਿਅਤ ਰਹਿਣ ਦੀਆਂ ਆਦਤਾਂ ਸਿੱਖਦੇ ਹਨ ਅਤੇ ਇਨ੍ਹਾਂ ਨੂੰ ਉਦੋਂ ਵੀ ਜਾਰੀ ਰੱਖਦੇ ਹਨ ਜਦੋਂ ਉਹ ਇਕੱਲੇ ਸਫ਼ਰ ਕਰਨ ਦੀ ਉਮਰ ਦੇ ਹੋ ਜਾਂਦੇ ਹਨ।**

ਬੱਚਿਆਂ ਨੂੰ ਸੜਕ ਦੇ ਮਾਹੌਲ ਵਿੱਚ ਸੁਰੱਖਿਅਤ ਰੱਖਣ ਬਾਰੇ ਵਧੇਰੇ ਜਾਣਕਾਰੀ ਲਈ, **safetytown.com.au** 'ਤੇ ਪਰਿਵਾਰ ਸੈਕਸ਼ਨ 'ਤੇ ਜਾਓ।



**ਮੁੱਖ ਸੜਕ ਸੁਰੱਖਿਆ ਸੁਨੇਹੇ ਜੋ ਤੁਸੀਂ ਆਪਣੇ ਕਿੰਡਰਗਾਰਟਨ ਤੋਂ ਲੈ ਕੇ ਦੂਜੀ ਜਮਾਤ ਤੱਕ ਦੇ ਬੱਚੇ ਨਾਲ ਸਾਂਝੇ ਕਰ ਸਕਦੇ ਹੋ:**

- ਕਿਸੇ ਵੱਡੇ ਵਿਅਕਤੀ ਦਾ ਹੱਥ ਫੜ੍ਹੋ, ਜਦੋਂ:
  - ਤੁਸੀਂ ਸੜਕ ਪਾਰ ਕਰਦੇ ਹੋ
  - ਤੁਸੀਂ ਫੁੱਟਪਾਥ 'ਤੇ ਹੁੰਦੇ ਹੋ
  - ਤੁਸੀਂ ਕਾਰ ਪਾਰਕ ਵਿੱਚ ਹੁੰਦੇ ਹੋ

**ਮੁੱਖ ਸੜਕ ਸੁਰੱਖਿਆ ਸੁਨੇਹੇ ਜੋ ਤੁਸੀਂ ਆਪਣੇ 3 ਤੋਂ ਲੈ ਕੇ 6ਵੀਂ ਜਮਾਤ ਤੱਕ ਦੇ ਬੱਚੇ ਨਾਲ ਸਾਂਝੇ ਕਰ ਸਕਦੇ ਹੋ:**

- (ਜਦੋਂ ਤਕ ਤੁਸੀਂ ਘੱਟੋ-ਘੱਟ 10 ਸਾਲ ਦੇ ਨਹੀਂ ਹੁੰਦੇ), ਸੜਕ ਪਾਰ ਕਰਦੇ ਸਮੇਂ ਕਿਸੇ ਬਾਲਗ਼ ਦਾ ਹੱਥ ਫੜ੍ਹੋ।
- ਸੜਕ ਪਾਰ ਕਰਨ ਲਈ ਸੁਰੱਖਿਅਤ ਥਾਂ ਦੀ ਵਰਤੋਂ ਕਰੋ।
- **ਰੁਕੋ! ਦੇਖੋ! ਸੁਣੋ! ਸੋਚੋ!** ਹਰੇਕ ਵਾਰ ਜਦੋਂ ਤੁਸੀਂ ਸੜਕ ਪਾਰ ਕਰਦੇ ਹੋ ਅਤੇ ਸੁਰੱਖਿਅਤ ਤਰੀਕੇ ਨਾਲ ਪਾਰ ਹੋਣ ਤੱਕ ਦੇਖਦੇ ਰਹੋ।

**ਰੁਕੋ!**
ਫੁੱਟਪਾਥ ਦੇ ਕਿਨਾਰੇ ਤੋਂ ਇੱਕ ਕਦਮ ਪਿੱਛੇ ਖੜ੍ਹਕੇ

**ਦੇਖੋ!**
ਲਗਾਤਾਰ ਦੋਵੇਂ ਪਾਸੇ ਵੇਖੋ

**ਸੁਣੋ!**
ਆ ਰਹੀ ਟ੍ਰੈਫ਼ਿਕ ਦੀਆਂ ਆਵਾਜ਼ਾਂ ਲਈ

**ਸੋਚੋ!**
ਕੀ ਸੜਕ ਪਾਰ ਕਰਨਾ ਸੁਰੱਖਿਅਤ ਹੈ, ਅਤੇ ਸੁਰੱਖਿਅਤ ਤਰੀਕੇ ਨਾਲ ਪਾਰ ਹੋਣ ਤੱਕ ਦੇਖਦੇ ਰਹੋ

ਸਟਾਕ ਕੋਡ 45095291 ਜੂਨ 2024 © Transport for NSW

NSW GOVERNMENT

NSW ਦੀਆਂ ਸੜਕਾਂ 'ਤੇ ਬਹੁਤ ਸਾਰੀਆਂ ਜਾਨਾਂ ਗਈਆਂ ਹਨ।
**ਸਾਡਾ ਟੀਚਾ ਜ਼ੀਰੋ ਹੈ।**

TOWARDS ZERO